**SET-4**

**Series HRK** **Code No. 6**

Candidates must write the Code on the title page of the answer-book.

Roll No. | | | | | | | |

- Please check that this question paper contains **11** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **11** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਸੰਕਲਿਤ ਪ੍ਰੀਖਿਆ – II

## SUMMATIVE ASSESSMENT – II

# ਪੰਜਾਬੀ

# PUNJABI

*ਸਮਾਂ ਸੀਮਾਂ : 3 ਘੰਟੇ* *ਪੂਰਨ ਅੰਕ : 90*

*Time allowed : 3 hours* *Maximum Marks : 90*

***ਨੋਟ:*** *ਲਿਖਾਈ ਸ਼ੁਧ, ਸੁੰਦਰ ਅਤੇ ਖੁੱਲ੍ਹੀ-ਖੁੱਲ੍ਹੀ ਕਰਨ ਦਾ ਜਤਨ ਕਰੋ ।*

**I.** ਪਾਠ ਪੁਸਤਕਾਂ ਤੇ ਆਧਾਰਿਤ ਪ੍ਰਸ਼ਨ :

**1.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ : *1×9=9*

(ੳ) ਕਵੀ ਪਵਨ ਹਰਚੰਦਪੁਰੀ ਅਨੁਸਾਰ 'ਗੁਰੂ-ਉਪਦੇਸ਼' ਵਿੱਚ ਧਰਮ ਦੀ ਸਾਂਝ ਕਿਸ ਵਿੱਚ ਹੈ ?

(ਅ) ਕਵੀ ਕੁਲਵੰਤ ਰਫ਼ੀਕ ਨੂੰ ਪੰਜਾਬੀ ਬੋਲੀ ਦਾ ਅਪਮਾਨ ਕਰਨ ਵਾਲੇ ਕਿੰਨ੍ਹਾਂ ਲੋਕਾਂ ਤੇ ਅਫ਼ਸੋਸ ਹੈ ?

(ੲ) ਕਵੀ ਡਾ: ਸੁਦਰਸ਼ਨ ਲਾਲ ਗਾਸੋ ਨੇ ਸਰਹੱਦ ਉੱਤੇ ਤਾਰਾਂ ਦੀ ਥਾਂ ਕਿਸਨੂੰ ਬੀਜਣ ਦਾ ਸੁਝਾਅ ਦਿੱਤਾ ਹੈ ?

(ਸ) ਪੰਜਾਬ ਦੇ ਲੋਕ ਗੀਤ ਪਾਠ ਦਾ ਲੇਖਕ ਕੌਣ ਹੈ ?

(ਹ) ਡਾ: ਦਵਿੰਦਰ ਸੈਫ਼ੀ ਦੇ ਲੇਖ 'ਕਲਾਤਮਕ ਰੁਚੀਆਂ' ਅਨੁਸਾਰ ਕਲਾ ਸਾਨੂੰ ਕਿਸ ਨਾਲ ਜੋੜਦੀ ਹੈ ?

(ਕ) 'ਦੁਸ਼ਮਣੀ' ਦੀ ਪਾਤਰ ਵੰਜਨਾ ਨੇ ਛੱਤ ਉੱਪਰ ਇੱਕ ਵਾਧੂ ਟੈਂਕੀ ਕਿਉਂ ਰੱਖੀ ਹੋਈ ਸੀ ?

(ਖ) ਸਾਰਾ ਸਮਾਂ ਈਅਰਫ਼ੋਨ ਲਗਾਉਣ ਨਾਲ ਸਾਡੀ ਕਿਹੜੀ ਸਰੀਰਕ ਸ਼ਕਤੀ ਕਮਜ਼ੋਰ ਹੁੰਦੀ ਹੈ ?

(ਗ) 1960ਈ ਵਿੱਚ ਡਾ: ਕਲਾਮ ਬਤੌਰ ਵਿਗਿਆਨੀ ਭਾਰਤ ਦੇ ਕਿਹੜੇ ਮਹਿਕਮੇਂ ਵਿੱਚ ਸ਼ਾਮਲ ਹੋਏ ਸਨ ?

(ਘ) ਨਾਨਕ ਸਿੰਘ ਦੇ ਕਿਹੜੇ ਨਾਵਲ ਦੀ ਕਹਾਣੀ ਉੱਪਰ ਹਿੰਦੀ ਫਿਲਮ ਬਣੀ ?

**2.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 40 – 50 ਸ਼ਬਦਾਂ ਵਿੱਚ ਲਿਖੋ : *2×8=16*

(ੳ) ਕਵੀ ਪਵਨ ਹਰਚੰਦਪੁਰੀ 'ਗੁਰੂ-ਉਪਦੇਸ਼' ਅਨੁਸਾਰ ਖਾਲਸੇ ਦਾ ਰੂਪ ਕਿਸ ਤਰ੍ਹਾਂ ਸਿੰਘਾਰਿਆ ਗਿਆ ?

(ਅ) ਕਵੀ ਡਾ: ਸੁਦਰਸ਼ਨ ਗਾਸੋ ਨੇ ਆਪਣੀ 'ਮਾਂ ਜੋ ਏਧਰ ਵੀ ਤੇ ਉਧਰ ਵੀ' ਵਿਚ ਕਿਸ ਦੇ ਚਮਕਣ ਦਾ ਹਵਾਲਾ ਦਿੱਤਾ ਹੈ ?

(ੲ) ਪੰਜਾਬ ਦੇ ਲੋਕਗੀਤਾਂ ਦੀ ਲੇਖਿਕਾ ਨੂੰ ਲੋਕਗੀਤਾਂ ਵਿੱਚ ਪੰਜਾਬੀ ਰਹਿਣ-ਬਹਿਣੀ ਦੀ ਝਲਕ ਪੈਂਦੀ ਹੈ, ਪਰ ਉਸ ਨੂੰ ਅੱਜ ਕਿਸ ਗੱਲ ਦਾ ਗਿਲਾ ਹੈ ?

(ਸ) ਪੰਜਾਬੀ ਭਾਸ਼ਾ ਲਈ ਵਿਕਸਤ ਹੋ ਚੁੱਕੇ ਪ੍ਰਮੁੱਖ ਸਾਫ਼ਟਵੇਅਰ ਦਾ ਨਾਂ ਕੀ ਹੈ ? ਇਸ ਰਾਹੀਂ ਅੰਗਰੇਜ਼ੀ ਦੇ ਕੀਬੋਰਡ ਨੂੰ ਵਰਤ ਕੇ ਕੀ ਕੀਤਾ ਜਾ ਸਕਦਾ ਹੈ ?

(ਹ) ਕਹਾਣੀ ਦੀ ਪਾਤਰ ਮੀਨਾਕਸ਼ੀ ਨਾਲ ਜੋ ਸੜਕ ਹਾਦਸਾ ਹੋਇਆ, ਉਹ ਕਿਸ ਕਾਰਨ ਸੀ ? ਕੀ ਮੀਨਕਸ਼ੀ ਬਾਅਦ ਵਿੱਚ ਗ਼ਲ਼ਤੀ ਮੰਨਦੀ ਹੈ ?

(ਕ) ਅਰਚਨਾ ਅਤੇ ਵੰਦਨਾ ਮਿਲਕੇ ਕਿਹੋਜਿਹੀਆਂ ਗੱਲਾਂ ਕਰਦੀਆਂ ਸਨ ?

(ਖ) ਡਾ: ਅਬਦੁਲ ਕਲਾਮ ਦਾ ਕੀ ਮੰਨਣਾ ਸੀ ਕਿ ਦੇਸ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣਾ ਹੈ ਤਾਂ ਸਮਾਜ ਦੇ ਕਿਹੜੇ ਤਿੰਨ ਮੈਂਬਰ ਪ੍ਰਮੁੱਖ ਹਿੱਸਾ ਪਾ ਸਕਦੇ ਹਨ ?

(ਗ) ਨਾਨਕ ਸਿੰਘ ਦੇ ਨਾਵਲਾਂ ਦਾ ਵਿਸ਼ਾ ਕੀ ਹੈ ? ਪਾਠ-ਪੁਸਤਕ ਦੇ ਪਾਠ ਦੇ ਆਧਾਰ ਤੇ ਦੱਸੋ ।

**3.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 100 – 125 ਸ਼ਬਦਾਂ ਵਿੱਚ ਲਿਖੋ :

(i) ‘ਪੰਜਾਬ ਦੇ ਲੋਕ ਗੀਤ’ ਪਾਠ ਵਿੱਚ ਲੇਖਕਾ ਅੰਤਲੇ ਪੈਰੇ ਵਿੱਚ ਲੋਕ ਗੀਤਾਂ ਬਾਰੇ ਜੋ ਵਿਚਾਰ ਪੇਸ਼ ਕਰਦੀ ਹੈ, ਉਨ੍ਹਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ । 5

**ਜਾਂ**

‘ਮਾਣ ਪੰਜਾਬੀ ਦਾ’ ਕਵਿਤਾ ਵਿੱਚ ਕਵੀ ਨੇ ਮਾਂਬੋਲੀ ਦੀ ਦਸ਼ਾ ਬਾਰੇ ਜੋ ਵਿਚਾਰ ਦਿੱਤੇ ਹਨ, ਉਨ੍ਹਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ ।

(ii) ਇਕਾਂਗੀਕਾਰ ਕੇਵਲ ਧਾਲੀਵਾਲ ਨੇ ਆਪਣੇ ਇਕਾਂਗੀ ‘ਰਾਜਿਆ ਰਾਜ ਕਰੇਂਦਿਆ’ ਵਿੱਚ ਰਾਜ ਪ੍ਰਬੰਧ ਦੀਆਂ ਕਿਹੜੀਆਂ ਗੱਲਾਂ ਨੂੰ ਉਭਾਰਨ ਦਾ ਜਤਨ ਕੀਤਾ ਹੈ ? 5

**4.** “ਹਜੂਰ ਏਸ ਨਗਰੀ ਨੂੰ ਟੁੱਟ-ਭੱਜ ਦੀ ਆਦਤ ਪੈ ਗਈ ਹੈ । ਤੁਸੀਂ ਵੇਖਿਉ ਉਸੇ ਤਰ੍ਹਾਂ ਇੱਕ ਪਾਸੇ ਵਿਆਹ ਮੁਕਲਾਵੇ ਹੋ ਰਹੇ ਹੋਣਗੇ । ਦੂਜੇ ਪਾਸੇ ਅਰਥੀਆਂ ਵੀ ਨਿਕਲ ਰਹੀਆਂ ਹੋਣਗੀਆਂ”

ਵਜ਼ੀਰ ਦੀ ਉਪਰੋਕਤ ਟਿੱਪਣੀ ਤੋਂ ਕੀ ਭਾਵ ਹੈ ? ਇਸ ਸੋਚ ਨੂੰ ਕਿਵੇਂ ਬਦਲਿਆ ਜਾ ਸਕਦਾ ਹੈ ? ਕਦਰਾਂ ਕੀਮਤਾਂ ਦੇ ਆਧਾਰ ਉੱਪਰ ਆਪਣਾ ਦ੍ਰਿਸ਼ਟੀਕੋਨ ਪੇਸ਼ ਕਰੋ । 5

**II.** ਪੜ੍ਹਨ-ਕੌਸ਼ਲ

**5.** (i) ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :

''ਸੰਸਾਰ ਦੇ ਸਾਰੇ ਦੇਸਾਂ ਵਿੱਚ ਪੜ੍ਹੇ-ਲਿਖੇ ਵਿਅੱਕਤੀ ਦੀ ਸਭ ਤੋਂ ਪਹਿਲੀ ਪਛਾਣ ਇਹ ਹੁੰਦੀ ਹੈ ਕਿ ਉਹ ਆਪਣੀ ਮਾਤ-ਭਾਸ਼ਾ ਵਿੱਚ ਵਧੇਰੇ ਚੰਗੀ ਤਰ੍ਹਾਂ ਕੰਮ ਕਰ ਸਕਦਾ ਹੈ । ਸਿਰਫ ਭਾਰਤ ਹੀ ਇੱਕ ਐਸਾ ਦੇਸ ਹੈ, ਜਿਸ ਵਿੱਚ ਪੜ੍ਹਿਆ-ਲਿਖਿਆ ਉਹ ਸਮਝਿਆ ਜਾਂਦਾ ਹੈ, ਜਿਹੜਾ ਆਪਣੀ ਮਾਤ-ਭਾਸ਼ਾ ਨੂੰ ਚੰਗੀ ਤਰ੍ਹਾਂ ਜਾਣਦਾ ਹੋਵੇ ਜਾਂ ਨਾਂ ਪਰ ਅੰਗਰੇਜੀ ਭਾਸ਼ਾ ਉਹ ਚੰਗੀ ਤਰ੍ਹਾਂ ਜਾਣਦਾ ਹੋਵੇ । ਸੰਸਾਰ ਦੇ ਹੋਰ ਦੇਸਾਂ ਵਿੱਚ ਚੰਗੇ ਰਹਿਣ-ਸਹਿਣ ਵਾਲਾ ਅਤੇ ਸਭਿਅਕ ਵਿਅੱਕਤੀ ਉਸ ਨੂੰ ਸਮਝਿਆ ਜਾਂਦਾ ਹੈ, ਜਿਸ ਦੇ ਘਰ ਵਿੱਚ ਆਪਣੀ ਭਾਸ਼ਾ ਦੀਆਂ ਪੁਸਤਕਾਂ ਦਾ ਸੰਗ੍ਰਹਿ ਹੋਵੇ, ਜਿਸ ਨੂੰ ਇਹ ਵੀ ਪਤਾ ਹੋਵੇ, ਕਿ ਉਸ ਦੀ ਭਾਸ਼ਾ ਦੇ ਚੰਗੇ ਕਵੀ ਅਤੇ ਲੇਖਕ ਕੌਣ ਹਨ ? ਸਮੇਂ-ਸਮੇਂ ਸਿਰ ਉਨ੍ਹਾਂ ਦੀਆਂ ਕਿਹੜੀਆਂ ਰਚਨਾਵਾਂ ਪ੍ਰਕਾਸ਼ਤ ਹੋ ਰਹੀਆਂ ਹਨ । ਭਾਰਤ ਵਿੱਚ ਸਥਿਤੀ ਦੂਸਰੀ ਹੈ । ਇੱਥੇ ਲਗਪਗ ਹਰ ਘਰ ਵਿਚ ਸਜਾਵਟ ਦਾ ਸਾਰਾ ਸਾਮਾਨ ਭਾਵੇਂ ਆਧੁਨਿਕ ਹੋਵੇ, ਪਰ ਆਪਣੀ ਮਾਤ-ਭਾਸ਼ਾ ਦੀ ਕੋਈ ਪੁਸਤਕ ਜਾਂ ਪਤ੍ਰਿਕਾ ਦਿਖਾਈ ਨਹੀਂ ਦੇਵੇਗੀ ।

ਇਹ ਮਾੜੀ ਹਾਲਤ ਭਾਵੇਂ ਸਾਡੀ ਕਿਸੇ ਇਤਿਹਾਸਕ ਪਰਕਿਰਿਆ ਦਾ ਨਤੀਜਾ ਹੈ । ਪਰ ਇਹ ਚੰਗੀ ਹਾਲਤ ਨਹੀਂ, ਸਗੋਂ ਮਾੜੀ ਹਾਲਤ ਹੈ । ਇਸ ਲਈ ਸਾਨੂੰ ਆਪਣੇ ਆਪ ਨੂੰ ਸਹੀ ਅਰਥਾਂ ਵਿੱਚ ਸਿਖਿਅ ਅਤੇ ਸਭਿਅਕ ਮੰਨਣ ਦਾ ਨਿਆ ਭਰਪੂਰ ਅਧਿਕਾਰ ਨਹੀਂ ਹੈ ।''

ਪ੍ਰਸ਼ਨ :

(ੳ) ਇਸ ਪੈਰੇ ਦਾ ਢੁਕਵਾਂ ਸਿਰਲੇਖ ਦਿਓ ।

(ਅ) ਇਸ ਪੈਰੇ ਵਿੱਚ ਕਿਸ ਇਤਿਹਾਸਕ ਪਰਕਿਰਿਆ ਵੱਲ ਇਸ਼ਾਰਾ ਕੀਤਾ ਗਿਆ ਹੈ ?

(ੲ) ਭਾਰਤ ਵਿੱਚ ਪੜ੍ਹਿਆ ਲਿਖਿਆ ਵਿਅੱਕਤੀ ਕਿਸ ਨੂੰ ਮੰਨਿਆ ਜਾਂਦਾ ਹੈ ?

(ਸ) ਸੰਸਾਰ ਦੇ ਦੂਜੇ ਦੇਸਾਂ ਵਿੱਚ ਸਭਿਅਕ ਵਿਅੱਕਤੀ ਕਿਸ ਨੂੰ ਮੰਨਦੇ ਹਨ ?

(ਹ) ਸਾਨੂੰ ਕਿਸ ਗੱਲ ਦਾ ਨਿਆ ਭਰਪੂਰ ਅਧਿਕਾਰ ਨਹੀਂ ਹੈ ? *1×5=5*

(ii) ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ :

''ਕੁਦਰਤ ਵਿੱਚ ਕਾਹਲ ਬਿਲਕੁਲ ਨਹੀਂ । ਕੁਦਰਤ ਦੇ ਭੇਤਾਂ ਨੂੰ ਲੱਭਣ ਵਾਲੇ ਖੋਜੀ ਇਹ ਦਸਦੇ ਨੇ ਕਿ ਇਹ ਸਾਰੀ ਸ੍ਰਿਸ਼ਟੀ ਇੱਕ ਦਿਨ ਵਿੱਚ ਪੈਦਾ ਨਹੀਂ ਹੋਈ । ਅੱਗ ਦੇ ਗੋਲੇ, ਸੂਰਜ ਤੋਂ ਟੁਟ ਕੇ ਲੱਖਾਂ ਸਾਲਾਂ ਵਿੱਚ ਠੰਢੇ ਹੋਣ ਤੋਂ ਬਾਅਦ ਹੌਲੀ-ਹੌਲੀ ਇੱਥੇ ਬਨਸਪਤੀ ਅਤੇ ਜੀਵ-ਜੰਤੂ ਪੈਦਾ ਹੋਏ । ਵਰਤਮਾਨ ਯੁੱਗ ਵਿੱਚ ਮਨੁੱਖ ਦੇ ਜੀਵਨ ਵਿੱਚ ਕਾਹਲੇਪਨ ਦੀ ਰੁੱਚੀ ਪੈਦਾ ਹੋ ਗਈ ਹੈ, ਇਹ ਕਾਹਲ ਅਤੇ ਬੇ-ਸਬਰਾਪਨ ਉਸ ਨੂੰ ਬੇਚੈਨ ਕਰ ਰਿਹਾ ਹੈ । ਅੱਜ ਦੇ ਪੂੰਜਵਾਦੀ ਦੌਰ ਵਿੱਚ ਜਿਉਣ ਵਾਲਾ ਮਨੁੱਖ ਅਸੰਤੋਖ, ਅਰਾਜਕਤਾ, ਕਤਲੋਗਾਰਤ ਅਤੇ ਨਸ਼ਿਆਂ ਵਿੱਚ ਪੈਕੇ ਆਤਮਘਾਤ ਦੇ ਰਾਹ ਤੁਰ ਰਿਹਾ ਹੈ । ਉਸ ਦੀਆਂ ਇਛਾਵਾਂ ਵਧਦੀਆਂ ਜਾ ਰਹੀਆਂ ਹਨ, ਜਿਸ ਕਰਕੇ ਉਹ ਹਰ ਕੰਮ ਵਿੱਚ ਕਾਹਲੀ ਕਰ ਰਿਹਾ ਹੈ ।

ਇਹ ਛੇਤੀ ਤੋਂ ਛੇਤੀ ਅਮੀਰ ਹੋਣਾ ਚਾਹੁੰਦਾ ਹੈ । ਇਸ ਲਈ ਉਹ ਚੋਰਬਾਜ਼ਾਰੀ, ਰਿਸ਼ਵਤਖੋਰੀ ਤੇ ਭ੍ਰਿਸ਼ਟਾਚਾਰ ਵਰਗੀਆਂ ਬੁਰਾਈਆਂ ਦਾ ਸ਼ਿਕਾਰ ਹੋ ਰਿਹਾ ਹੈ । ਇਹ ਸਾਰਾ ਕੁਝ ਉਸ ਦੀ ਕਾਹਲੀ ਨਾਲ ਅਮੀਰ ਬਣ ਜਾਣ ਦੀ ਲੋਚਾ ਦਾ ਹੀ ਸਿੱਟਾ ਹੈ ।''

ਪ੍ਰਸ਼ਨ :

(ੳ) ਉਪਰੋਕਤ ਪੈਰੇ ਦਾ ਢੁਕਵਾਂ ਸਿਰਲੇਖ ਦਿਓ ।

(ਅ) ਕਿਸ ਵਿੱਚ ਕਾਹਲੀ ਦੀ ਰੁੱਚੀ ਵਧ ਗਈ ਹੈ ?

(ੲ) ਮਨੁੱਖ ਹਰ ਕੰਮ ਵਿਚ ਕਾਹਲੀ ਕਿਉਂ ਕਰ ਰਿਹਾ ਹੈ ?

(ਸ) ਕਾਹਲੀ ਨਾਲ ਅਮੀਰ ਬਣਨ ਦੀ ਇੱਛਾ ਕਾਰਨ ਉਹ ਕਿਸ ਦਾ ਸ਼ਿਕਾਰ ਹੋ ਰਿਹਾ ਹੈ ?

(ਹ) ਅੱਜ ਦੇ ਦੌਰ ਵਿੱਚ ਅਸੰਤੋਖੀ ਮਨੁੱਖ ਪੈਸੇ ਦੀ ਦੋੜ ਕਾਰਨ ਕਿਹੜੀਆਂ ਬੁਰਾਈਆਂ ਵਲ ਤੁਰ ਪਿਆ ਹੈ ? *1×5=5*

**III.** ਲਿਖਣ–ਕੌਸ਼ਲ

**6.** ਹੇਠ ਲਿਖੇ ਵਿਸ਼ੇ ਉੱਤੇ ਕੁੱਝ ਦਿੱਤੇ ਨੁਕਤਿਆਂ ਦੇ ਆਧਾਰ ਤੇ ਲਗਪਗ 250 ਸ਼ਬਦਾਂ ਦਾ ਇੱਕ ਲੇਖ ਲਿਖੋ : *12*

‘ਸਮਾਜਕ ਬੁਰਾਈਆਂ ਤੇ ਇਨ੍ਹਾਂ ਦਾ ਹੱਲ’

ਨੁਕਤੇ :

(i) ਫ਼ਿਰਕਾ ਪਰਸਤੀ

(ii) ਅਮੀਰੀ–ਗ਼ਰੀਬੀ

(iii) ਨਸ਼ੇ

(iv) ਭ੍ਰਿਸ਼ਟਾਚਾਰੀ

(v) ਇਸਤਰੀ ਦੀ ਦੁਰਦਸ਼ਾ ਅਤੇ ਬੇਰੁਜ਼ਗਾਰੀ ।

**ਜਾਂ**

‘ਮਨਿ ਜੀਤੈ ਜਗੁ ਜੀਤੁ’

ਨੁਕਤੇ :

(i) ਤੁੱਕ ਦੇ ਅਰਥ

(ii) ਮਨ ਦੀਆਂ ਇੱਛਾਵਾਂ

(iii) ਮਨ ਨੂੰ ਕਿਵੇਂ ਜਿਤਿਆ ਜਾਵੇ

(iv) ਸੰਤੁਲਿਤ ਜੀਵਨ ਜਿਉਣਾ

(v) ਗੁਰਉਪਦੇਸ਼ ਨਾਲ ਮਨ ਜਿਤਿਆ ਜਾ ਸਕਦਾ ਹੈ ।

**7.** ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ ਇੱਕ ਪੱਤਰ ਲਿਖੋ : *8*

ਦੂਰ ਦਰਸ਼ਨ ਦੇ ਨਿਰਦੇਸ਼ਕ ਨੂੰ ਪੱਤਰ ਲਿਖੋ ਕਿ ਵਿਦਿਆਰਥੀਆਂ ਦੇ ਗਿਆਨ ਵਧਾਉਣ ਵਾਲੇ ਪ੍ਰੋਗਰਾਮ ਵੱਧ ਤੋਂ ਵੱਧ ਪੇਸ਼ ਕੀਤੇ ਜਾਣ ।

ਨੁਕਤੇ :

(i) ਪਹਿਲਾਂ ਵੀ ਦੂਰ ਦਰਸ਼ਨ ਕੁਝ ਪ੍ਰੋਗਰਾਮ ਕਰਦਾ ਹੈ, ਪਰ ਹੋਰ ਵਧਾਉਣ ਦੀ ਲੋੜ ਹੈ ।

(ii) ਵਿਦਿਆਰਥੀਆਂ ਵਿੱਚ ਇੱਕ ਚੰਗੀ ਪ੍ਰਤੀਯੋਗਤਾ ਵਾਲੀ ਭਾਵਨਾ ਪੈਦਾ ਹੋ ਸਕੇ ।

(iii) ਵਿਦਿਆਰਥੀਆਂ ਅਤੇ ਮਾਪਿਆਂ ਦੇ ਲਾਭ ਤੋਂ ਇਲਾਵਾ ਦੇਸ ਦੀ ਤਰੱਕੀ ਵਿੱਚ ਵਾਧਾ ਹੋਵੇਗਾ ।

**ਜਾਂ**

ਕਿਸੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਇਹ ਗੱਲ ਲਿਖੋ ਕਿ ਦੇਸ ਵਿਚ ਔਰਤਾਂ ਦੀ ਅਸੁਰੱਖਿਆ ਦਿਨ-ਪ੍ਰਤੀਦਿਨ ਵਧ ਰਹੀ ਹੈ ।

ਨੁਕਤੇ :

(i) ਜਨਤਾ ਤੇ ਸਰਕਾਰ ਮਿਲਕੇ ਕੰਮ ਕਰੇ ।

(ii) ਔਰਤ ਨੂੰ ਇਹ ਅਹਿਸਾਸ ਕਰਾਇਆਂ ਜਾਂਦਾ ਹੈ ਕਿ ਉਹ ਇੱਕ ਔਰਤ ਹੈ, ਕਮਜ਼ੋਰ ਹੈ ।

(iii) ਔਰਤਾਂ ਬਾਰੇ ਸਮਾਜ ਦਾ ਦ੍ਰਿਸ਼ਟੀਕੋਣ ਠੀਕ ਕਰਨ ਦੀ ਲੋੜ ।

## IV. ਵਿਆਕਰਨ

**8.** ਹੇਠ ਲਿਖੇ ਪ੍ਰਸ਼ਨਾਂ ਦੇ ਉਤਰਾਂ ਲਈ ਸਹੀ ਵਿਕਲਪ ਚੁਣੋ : *1×5=5*

(i) ਨਾਮਿਲਵਰਤਨ ਸ਼ਬਦ ਵਿੱਚ ਅਗੇਤਰ ਹੈ :

(ੳ) ਮਿਲ

(ਅ) ਨਾ

(ੲ) ਵਰਤਨ

(ਸ) ਤਨ

(ii) ਨਿਰਧਨ ਸ਼ਬਦ ਵਿੱਚ ਅਗੇਤਰ ਹੈ :

(ੳ) ਧਨ

(ਅ) ਨਿ

(ੲ) ਨਿਰ

(ਸ) ਨ

(iii) ਚੌਕੀਦਾਰ ਸ਼ਬਦ ਵਿੱਚ ਪਿਛੇਤਰ ਹੈ :

(ੳ) ਰ

(ਅ) ਆਰ

(ੲ) ਦਾਰ

(ਸ) ਇਨ੍ਹਾਂ ਵਿਚੋਂ ਕੋਈ ਨਹੀਂ

(iv) ਗੁਣਕਾਰੀ ਸ਼ਬਦ ਵਿੱਚ ਪਿਛੇਤਰ ਹੈ :

(ੳ) ਗੁਣ

(ਅ) ਰੀ

(ੲ) ਕਾਰੀ

(ਸ) ਣਕਾਰੀ

(v) ਪਿਛੇਤਰ ਕਿਸ ਨੂੰ ਕਹਿੰਦੇ ਹਨ ?

**9.** (i) ਵਿਰੋਧੀ ਅਰਥ ਵਾਲਾ ਸਮਾਸੀ ਸ਼ਬਦ ਚੁਣੋ :

(ੳ) ਸਾਫ਼–ਸੁਥਰਾ

(ਅ) ਸੋਚ–ਵਿਚਾਰ

(ੲ) ਰਾਤੋ–ਰਾਤ

(ਸ) ਔਖਾ–ਸੌਖਾ

(ii) ਸਮਾਸ ਤੋਂ ਭਾਵ ਹੈ :

(ੳ) ਵੱਡਾ ਕਰਨ ਦਾ ਢੰਗ

(ਅ) ਵਿਸਥਾਰ ਕਰਨ ਦਾ ਢੰਗ

(ੲ) ਅਰਥ ਲਭਣ ਦਾ ਢੰਗ

(ਸ) ਕੋਈ ਵੀ ਨਹੀਂ

(iii) ਹੇਠ ਲਿਖੇ ਵਾਕ ਵਿਚ ਲਕੀਰੇ ਸ਼ਬਦ ਦਾ ਸਹੀ ਸ਼ਬਦ ਸਮੂਹ ਲਿਖੋ :

ਹਮੇਸ਼ਾ ਸੋਚ–ਵਿਚਾਰ ਕੇ ਕੀਤਾ ਕੰਮ ਸਿਰੇ ਚੜ੍ਹ ਜਾਂਦਾ ਹੈ ।

(ੳ) ਸੋਚ ਤੇ ਵਿਚਾਰ

(ਅ) ਸੋਚ ਦਾ ਵਿਚਾਰ

(ੲ) ਸੋਚ ਅਤੇ ਵਿਚਾਰ

(ਸ) ਵਿਚਾਰ ਤੇ ਸੋਚ

(iv) ਲਕੀਰੇ ਸ਼ਬਦਾਂ ਦਾ ਸਮਾਸੀ ਸ਼ਬਦ ਲਿਖੋ :

ਜੀਵਨ ਵਿੱਚ ਦੁੱਖ ਅਤੇ ਸੁੱਖ ਆਉਂਦੇ ਰਹਿੰਦੇ ਹਨ ।

(ੳ) ਸੁਖੀ–ਦੁਖੀ

(ਅ) ਦੁਖੀ–ਸੁਖੀ

(ੲ) ਦੁੱਖ–ਸੁੱਖ

(ਸ) ਸੁੱਖ–ਦੁੱਖ

(v) 'ਦੇਸ ਦੇ ਭਗਤ' ਦਾ ਸਮਾਸੀ ਸ਼ਬਦ ਲਿਖੋ । *1×5=5*

**10.** (i) ਗੁਰੂ ਭਲਾ ਕਰੇ ! ਇਸ ਵਿੱਚ ਵਿਸਮਕ ਕਿਹੜੀ ਪ੍ਰਕਾਰ ਦਾ ਹੈ ?

(ੳ) ਫਿਟਕਾਰ ਵਾਚਕ

(ਅ) ਅਸੀਸ ਵਾਚਕ

(ੲ) ਪ੍ਰਸੰਗ ਵਾਚਕ

(ਸ) ਸੂਚਨਾ ਵਾਚਕ

(ii) ਨੀ ਕੁੜੀਏ ! ਇਹ ਕਿਸ ਪ੍ਰਕਾਰ ਦਾ ਵਿਸਮਕ ਹੈ ?

(ੳ) ਸਤਿਕਾਰ ਵਾਚਕ

(ਅ) ਸੰਬੋਧਨੀ

(ੲ) ਅਸਚਰਜ ਵਾਚਕ

(ਸ) ਫਿਟਕਾਰ ਵਾਚਕ

(iii) ਵਿਸਮਕ ਕਿੰਨੇ ਪ੍ਰਕਾਰ ਦੇ ਹੁੰਦੇ ਹਨ ?

(ੳ) ਤਿੰਨ

(ਅ) ਪੰਜ

(ੲ) ਸੱਤ

(ਸ) ਨੌਂ

(iv) ਅਸਚਰਜ ਵਾਚਕ ਵਿਸਮਕ ਕਿਹੜਾ ਹੈ ?

(ੳ) ਬੱਚਾ ਜੀਵੀ

(ਅ) ਖੁਸ਼ਾਮਦੀ

(ੲ) ਹੈਂ ! ਆਹ !

(ਸ) ਜਵਾਨਾ

(v) ਵਿਸਮਕ ਕਿਸ ਨੂੰ ਕਹਿੰਦੇ ਹਨ ? *1×5=5*

**11.** (i) ਗੰਗਾ ਗਈਆਂ ਹੱਡੀਆਂ ਮੁੜ ____________ ਨਹੀਂ ਆਉਂਦੀਆਂ । (ਅਖਾਣ ਪੂਰਾ ਕਰੋ)

(ੳ) ਪਾਣੀ ਵਿੱਚ ਬਹਿ ਜਾਂਦੀਆਂ ਹਨ

(ਅ) ਵਾਪਸ

(ੲ) ਨਦੀ ਦੇ ਪਾਣੀ ਹੇਠ ਚਲੀਆਂ ਜਾਂਦੀਆਂ ਹਨ

(ਸ) ਅੱਗੇ ਨਾਲਿਆਂ ਵਿੱਚ ਚਲੀਆਂ ਜਾਂਦੀਆਂ ਹਨ

(ii) ਚਿੜੀਆਂ ਦੀ ਮੌਤ ਗਵਾਰਾਂ ਦਾ __________ । (ਅਖਾਣ ਪੂਰਾ ਕਰੋ)

(ੳ) ਰੋਲਾ

(ਅ) ਹਾਸਾ

(ੲ) ਤਮਾਸ਼ਾ

(ਸ) ਖਾਣਾ

(iii) ਅੰਨ੍ਹਾਂ ਵੰਡੇ ਰੇਵੜੀਆਂ ਮੁੜ-ਮੁੜ ਆਪਣਿਆਂ ਨੂੰ ਦੇਵੇ ।

ਉਪਰੋਕਤ ਅਖਾਣ ਲਈ ਵਿਸ਼ੇਸ਼ ਮੌਕਾ ਚੁਣੋ :

(ੳ) ਨਿਆ ਕਰਨ ਵੇਲੇ

(ਅ) ਅਨਿਆ ਕਰਨ ਵੇਲੇ

(ੲ) ਰੇਵੜੀਆਂ ਵੰਡਣ ਵੇਲੇ

(ਸ) ਅੰਨੇ ਵਿਅਕਤੀ ਦੇ ਕੰਮ ਬਾਰੇ ਦਸਣ ਵੇਲੇ

(iv) ਗਏ ਸਰਾਧ ਆਏ ________, ਬਾਹਮਣ ਬੈਠੇ ਚੁਪ ਚੁਪਾਤੇ । (ਅਖਾਣ ਪੂਰਾ ਕਰੋ)

(ੳ) ਦੁਸਹਿਰੇ

(ਅ) ਹਨੇਰੇ

(ੲ) ਨਰਾਤੇ

(ਸ) ਬਰਾਤੇ

(v) ਛਿੱਕਾ ਟੁੱਟਾ ਬਿੱਲੀ ਦੀ ਭਾਗੀਂ । ਇਹ ਅਖਾਣ ਕਦੋਂ ਵਰਤਿਆ ਜਾਂਦਾ ਹੈ ? *1×5=5*